## ਪਾਠ - 7 ਈ -ਗਵਰਨੈਂਸ (ਭਾਗ 2)

### ਭਾਗ-ੳ

ਪ੍ਰ 1) ਬਹੁਪਸੰਦੀ ਪ੍ਰਸ਼ਨ:

1. ਸਰਕਾਰ ਦੀਆਂ ਆਨਲਾਈਨ ਸੇਵਾਵਾਂ ਅਤੇ ਸੁਵਿਧਾਵਾਂ ਨੂੰ ...................... ਕਿਹਾ ਜਾਂਦਾ ਹੈ।
   ੳ) ਲੋਕ ਭਲਾਈ ਸੇਵਾਵਾਂ ਅ) ਲੋਕਤੰਤਰੀ ਸੇਵਾਵਾਂ
   ੲ) ਈ–ਗਵਰਨੈਂਸ ਸ) ਇੰਟਰਨੈੱਟ ਸੇਵਾਵਾਂ
2. G2C ਦਾ ਮਤਲਬ ਹੈ–
   ੳ) ਸਰਕਾਰ ਤੋਂ ਕਰਮਚਾਰੀ ਅ) ਸਰਕਾਰ ਤੋਂ ਨਾਗਰਿਕ
   ੲ) ਸਰਕਾਰ ਤੋਂ ਵਪਾਰੀ ਸ) ਸਰਕਾਰ ਤੋਂ ਸਰਕਾਰ
3. ਈ–ਗਵਰਨੈਂਸ ਦੀਆਂ ਸੇਵਾਵਾਂ ਅਤੇ ਸੁਵਿਧਾਵਾਂ ਦਾ ਆਧੁਨਿਕ ਰੂਪ ................ ਹੈ।
   ੳ) ਈ–ਬਿਜ਼ਨਸ ਅ) ਈ–ਕਾਮਰਸ
   ੲ) ਈ–ਸਰਵਿਸਿਜ਼ ਸ) ਸਮਾਰਟ ਗਵਰਨੈਂਸ
4. ਆਧਾਰ ਕਾਰਡ ਦੇ ਨੰਬਰਾਂ ਦੀ ਗਣਤੀ ਕਿੰਨੀ ਹੁੰਦੀ ਹੈ।
   ੳ) 14 ਅ) 12
   ੲ) 16 ਸ) 10
5. ਹੇਠਾਂ ਵਿਚੋਂ ਕਿਹੜਾ ਕਿਸੇ ਵੀ ਇਨਫਰਮੇਸ਼ਨ ਸਿਸਟਮ ਦਾ ਭਾਗ ਹੈ।
   ੳ) ਡਾਟਾਬੇਸ ਅਤੇ ਪ੍ਰੋਸੀਜ਼ਰ ਅ) ਨੈਟਵਰਕ
   ੲ) ਹਾਰਡਵੇਅਰ ਅਤੇ ਸਾਫਟਵੇਅਰ ਸ) ਇਹ ਸਾਰੇ ਹੀ।

ਪ੍ਰ 2) ਖਾਲੀ ਥਾਵਾਂ ਭਰੋ:

1. ਈ–ਗਵਰਨੈਂਸ ਦੀਆਂ ਸੇਵਾਵਾਂ ਅਤੇ ਸੁਵਿਧਾਵਾਂ ਨੂੰ ...................... ਭਾਗਾਂ ਵਿੱਚ ਵੰਡਿਆ ਜਾਂਦਾ ਹੈ।
2. ...................... ਭਾਰਤੀ ਨਾਗਰਿਕਾਂ ਨੂੰ ਵਿਲੱਖਣ ਪਹਿਚਾਣ ਦਿੰਦਾ ਹੈ।
3. ਪੰਜਾਬ ਵਿੱਚ ਪਿੰਡ ਪੱਧਰ ਤੇ ਈ– ਗਵਰਨੈਂਸ ਸੇਵਾਵਾਂ ......................... ਦੁਆਰਾ ਦਿੱਤੀਆਂ ਜਾਂਦੀਆਂ ਹਨ।
4. ......................... ਦੀ ਵਰਤੋ ਗੰਭੀਰ ਜਾਂ ਜਟਿਲ ਸਮੱਸਿਆਵਾਂ ਦਾ ਹੱਲ ਕਰਨ ਲਈ ਕੀਤੀ ਜਾਂਦੀ ਹੈ।
5. ਸਮਾਰਟ ਕਾਰਡ ...................... ਦੇ ਪ੍ਰਤੀਕ ਹਨ।

1) ਪੰਜ (5) 2) ਆਧਾਰ ਕਾਰਡ 3) ਸੇਵਾ ਕੇਂਦਰਾਂ 4) ਨਿਪੁੰਨ ਪ੍ਰਣਾਲੀ 5) ਸਮਾਰਟ ਗਵਰਨੈਂਸ

ਪ੍ਰ 3) ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ

1. UIDAI ਦਾ ਪੂਰਾ ਰੂਪ ਲਿਖੋ।

Ans: Unique Identification Authority of India.

2. ਕੋਈ ਦੋ ਇਨਫਰਮੇਸ਼ਨ ਸਿਸਟਮਾਂ ਦੇ ਨਾਮ ਲਿਖੋ।

Ans: ਹਾਰਡਵੇਅਰ ਅਤੇ ਸਾਫਟਵੇਅਰ, ਨੈਟਵਰਕ

3. ਈ–ਗਵਰਨੈਂਸ ਦੇ ਪੱਧਰ (:ਕਡਕ;ਤ) ਦੇ ਨਾਮ ਲਿਖੋ।

Ans: ਹਾਰਡਵੇਅਰ ਅਤੇ ਸਾਫਟਵੇਅਰ, ਨੈਟਵਰਕ

4. G2G ਦਾ ਪੂਰਾ ਰੂਪ ਲਿਖੋ।

Ans: ਸਰਕਾਰ ਤੋਂ ਸਰਕਾਰ (Government to government)

5. TPS ਦਾ ਪੂਰਾ ਰੂਪ ਲਿਖੋ।

Ans: Transaction Processing System

## ਭਾਗ-ਅ

### ਪ੍ਰ 4) ਛੋਟੇ ਉਤਰਾਂ ਵਾਲੇ ਪ੍ਰਸ਼ਨ (4–5 ਲਾਈਲਾਂ ਵਿਚ ਉਤਰ ਲਿਖੋ)

ਪ੍ਰਸ਼ਨ–1) ਈ–ਗਵਰਨੈਂਸ ਦੇ ਤਿੰਨ ਪੱਧਰ ਕਿਹੜੇ ਹਨ। ਜਾਣਕਾਰੀ ਦਿਓ।

ਉਤਰ–1) ਈ–ਗਵਰਨੈਂਸ ਦੇ ਤਿੰਨ ਪੱਧਰ ਹੇਠ ਲਿਖੇ ਅਨੁਸਾਰ ਹਨ।

1. ਰਾਸ਼ਟਰੀ ਪੱਧਰ (National Level)
2. ਘਰੇਲੂ/ਪ੍ਰਾਂਤ ਪੱਧਰ (Domestic/State Level)
3. ਅੰਤਰ–ਰਾਸ਼ਟਰੀ ਪੱਧਰ (International Level)

ਪ੍ਰਸ਼ਨ–2) ਸਮਾਰਟ ਗਵਰਨੈਂਸ ਬਾਰੇ ਸੰਖੇਪ ਜਾਣਕਾਰੀ ਦਿਓ।

ਉਤਰ–2) ਸਮਾਰਟ ਗਵਰਨੈਂਸ ਵੀ ਈ–ਗਵਰਨੈਂਸ ਦਾ ਹੀ ਇੱਕ ਰੂਪ ਹੈ। ਸਮਾਰਟ ਦਾ ਅਰਥ ਹੈ ਆਕਰਸ਼ਕ ਜਾਂ ਕਿਰਿਆਸ਼ੀਲ ਅਤੇ ਗਵਰਨੈਂਸ ਦਾ ਅਰਥ ਹੈ ਸ਼ਾਸਨ। ਈ–ਗਵਰਨੈਂਸ ਤਹਿਤ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਅਤੇ ਸੇਵਾਵਾਂ ਨੂੰ ਆਧੁਨਿਕ ਤਕਨੀਕਾਂ ਨਾਲ ਪ੍ਰਭਾਵਸ਼ਾਲੀ ਅਤੇ ਆਕਰਸ਼ ਰੂਪ ਦੇਣਾ ਹੀ ਸਮਾਰਟ ਗਵਰਨੈਂਸ ਹੈ। ਸਮਾਰਟ ਗਵਰਨੈਂਸ ਈ–ਗਵਰਨੈਂਸ ਦਾ ਹੀ ਇੱਕ ਮਾਡਰਨ ਨਾਮ ਹੈ।

ਪ੍ਰਸ਼ਨ–3) ਆਧਾਰ ਕਾਰਡ ਦੇ ਕੋਈ ਚਾਰ ਉਪਯੋਗ ਲਿਖੋ।

ਉੱਤਰ: ਆਧਾਰ ਕਾਰਡ ਦੇ ਉਪਯੋਗ ਹੇਠ ਲਿਖੇ ਅਨੁਸਾਰ ਹਨ:-

1. ਇਸਦੀ ਵਰਤੋਂ ਵੋਟ ਪਾਉਣ ਲਈ ਵਿਲੱਖਣ ਪਹਿਚਾਣ ਦਸਤਾਵੇਜ਼ ਵਜੋਂ ਕੀਤੀ ਜਾਂਦੀ ਹੈ।
2. ਬੈਂਕਾਂ ਵਿੱਚ ਖਾਤਾ ਖੁਲ੍ਹਵਾਉਣ ਲਈ ਆਧਾਰ ਕਾਰਡ ਦੀ ਵਰਤੋਂ ਕੀਤੀ ਜਾਂਦੀ ਹੈ।
3. ਪੈਨ ਕਾਰਡ ਬਣਵਾਉਣ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ।
4. ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਆਧਾਰ ਕਾਰਡ ਦੀ ਵਰਤੋਂ ਕੀਤੀ ਜਾਂਦੀ ਹੈ।
5. ਘਰੇਲੂ ਗੈਸ, ਮੋਬਾਇਲ ਜਾਂ ਟੈਲੀਫੋਨ ਕੁਨੈਕਸ਼ਨ ਲਈ ਵੀ ਆਧਾਰ ਕਾਰਡ ਦੀ ਵਰਤੋਂ ਕੀਤੀ ਜਾਂਦੀ ਹੈ।

ਪ੍ਰਸ਼ਨ 4: ਇਨਫਰਮੇਸ਼ਨ ਸਿਸਟਮ ਦੇ ਭਾਗਾਂ ਬਾਰੇ ਲਿਖੋ।

ਉੱਤਰ : ਇਨਫਰਮੇਸ਼ਨ ਸਿਸਟਮ ਇੱਕ ਅਜਿਹਾ ਸਿਸਟਮ ਹੈ ਜਿਸ ਦੀ ਵਰਤੋਂ ਕਰਕੇ ਸੂਚਨਾ ਨੂੰ ਇੱਕਤਰ ਕੀਤਾ ਜਾਂਦਾ ਹੈ, ਸੂਚਨਾ ਨੂੰ ਪ੍ਰੋਸੈੱਸ ਕੀਤਾ ਜਾਂਦਾ ਹੈ ਅਤੇ ਸੂਚਨਾ ਦੀ ਸਾਂਝੇਦਾਰੀ ਕੀਤੀ ਜਾਂਦੀ ਹੈ।

ਇਨਫਰਮੇਸ਼ਨ ਸਿਸਟਮ ਦੇ ਮੁੱਖ ਭਾਗ ਹੇਠ ਲਿਖੇ ਅਨੁਸਾਰ ਹਨ:-

1. ਹਾਰਡਵੇਅਰ ਭਾਗ:- ਇਸ ਭਾਗ ਵਿੱਚ ਉਹ ਸਾਰੇ ਭੌਤਿਕ ਯੰਤਰ ਸ਼ਾਮਿਲ ਹੁੰਦੇ ਹਨ ਜੋ ਇੱਕ ਦੂਜੇ ਨਾਲ ਜੁੜ ਕੇ ਕੰਮ ਕਰਦੇ ਹਨ ਜਿਵੇਂ ਕੀਬੋਰਡ, ਮਾਉਸ, ਪ੍ਰਿੰਟਰ, ਹਾਰਡ ਡਿਸਕ ਆਦਿ।
2. ਸਾਫਟਵੇਅਰ ਭਾਗ:- ਇਸ ਵਿੱਚ ਉਹ ਸਾਰੇ ਪ੍ਰੋਗਰਾਮ ਸ਼ਾਮਿਲ ਹੁੰਦੇ ਹਨ ਜੋ ਯੂਜਰ ਨੂੰ ਹਾਰਡਵੇਅਰ ਦੀ ਵਰਤੋਂ ਕਰਕੇ ਡਾਟਾ ਨੂੰ ਪ੍ਰੋਸੈੱਸ ਕਰਨ ਦੀ ਆਗਿਆ ਦਿੰਦੇ ਹਨ।

3. ਡਾਟਾਬੇਸ ਭਾਗ:- ਇਹ ਭਾਗ ਡਾਟਾ ਨੂੰ ਇਕਹਿਰੀ ਫਾਈਲ ਦੇ ਰੂਪ ਵਿੱਚ ਸਟੋਰ ਕਰਨ ਲਈ ਵਰਤਿਆ ਜਾਂਦਾ ਹੈ।

4. ਨੈੱਟਵਰਕ ਭਾਗ:- ਇਸ ਭਾਗ ਵਿੱਚ ਉਹ ਸਾਰੇ ਮਾਧਿਅਮ ਸ਼ਾਮਿਲ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਸੂਚਨਾ ਦੀ ਸਾਂਝੇਦਾਰੀ ਕੀਤੀ ਹੈ।

5. ਪ੍ਰੋਸੀਜ਼ਰ:- ਇਸ ਭਾਗ ਵਿੱਚ ਉਹ ਸਾਰੀਆਂ ਪ੍ਰਕਿਰਿਆਵਾਂ ਸ਼ਾਮਿਲ ਹੁੰਦੀਆਂ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਡਾਟਾ ਨੂੰ ਪ੍ਰੋਸੈੱਸ ਕਰਕੇ ਸੂਚਨਾ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ।




ਪ੍ਰਸ਼ਨ–5) ਸੇਵਾ/ਸੁਵਿਧਾ ਕੇਂਦਰ ਕੀ ਹੁੰਦੇ ਹਨ? ਵਿਆਖਿਆ ਕਰੋ।

ਉਤਰ–5) ਸਰਕਾਰ ਦੁਆਰਾ ਈ–ਗਵਰਨੈਂਸ ਰਾਹੀ ਈ–ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਨ ਲਈ ਵੱਖ–ਵੱਖ ਪੱਧਰਾਂ ਉੱਤੇ ਬਹੁਤ ਸਾਰੇ ਸਹਾਇਤਾ ਕੇਂਦਰ ਖੋਲੇ ਗਏ ਹਨ। ਇਹਨਾਂ ਸਹਾਇਤਾ ਕੇਂਦਰਾਂ ਨੂੰ ਸੇਵਾ/ਸੁਵਿਧਾ ਕੇਂਦਰ ਕਿਹਾ ਜਾਂਦਾ ਹੈ। ਇਹ ਕੇਂਦਰ ਨਾਗਰਿਕਾਂ ਨੂੰ ਈ–ਸੇਵਾਵਾਂ ਪ੍ਰਦਾਨ ਕਰਦੇ ਹਨ। ਪੰਜਾਬ ਵਿੱਚ ਜ਼ਿਲਾ/ਤਹਿਸੀਲ/ਸ਼ਹਿਰ/ਪਿੰਡ ਪੱਧਰ ਤੇ ਇਹ ਸੇਵਾ/ਸੁਵਿਧਾ ਕੇਂਦਰ ਸਥਾਪਤ ਕੀਤੇ ਗਏ ਹਨ।

ਭਾਗ-ੲ

ਪ੍ਰਸ਼ਨ–1) ਈ–ਗਵਰਨੈਂਸ ਤੋਂ ਕੀ ਭਾਵ ਹੈ? ਇਸ ਦੀ ਕਾਰਜ–ਪ੍ਰਣਾਲੀ ਦੀ ਵਿਆਖਿਆ ਕਰੋ।

ਉਤਰ–1) ਈ-ਗਵਰਨੈਂਸ ਤੋਂ ਭਾਵ ਇਲੈਕਟ੍ਰੋਨਿਕ ਈ-ਗਵਰਨੈਂਸ ਹੈ। ਆਨਲਾਈਨ/ਇਲੈਕਟ੍ਰੋਨਿਕ ਤਰੀਕੇ ਨਾਲ ਸਰਕਾਰ ਵੱਲੋਂ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਸੁਵਿਧਾਵਾਂ ਨੂੰ ਈ-ਗਵਰਨੈਂਸ ਕਿਹਾ ਜਾਂਦਾ ਹੈ।

ਈ-ਗਵਰਨੈਂਸ ਸੂਚਨਾ ਅਤੇ ਸੰਚਾਰ ਟੈਕਨੋਲੋਜੀ ਦੀ ਇੱਕ ਅਜਿਹੀ ਐਪਲੀਕੇਸ਼ਨ ਹੈ। ਜਿਸ ਵਿੱਚ ਇੰਟਰਨੈੱਟ ਅਤੇ ਹੋਰ ਇਲੈਕਟ੍ਰੋਨਿਕ ਮੀਡੀਆ ਦੀ ਵਰਤੋਂ ਕਰਕੇ ਸਰਕਾਰੀ ਨੀਤੀਆਂ, ਕੰਮਾਂ ਅਤੇ ਸੇਵਾਵਾਂ ਨੂੰ ਪਾਰਦਰਸ਼ੀ, ਗਤੀਸ਼ੀਲ, ਘੱਟ ਖਰਚੀਲੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਵਾਇਆ ਜਾਂਦਾ ਹੈ।

ਈ–ਗਵਰਨੈਂਸ ਇੱਕ ਕਾਰਜਸ਼ੀਲ ਪ੍ਰਣਾਲੀ ਹੈ ਜਿਸ ਵਿਚ ਸਰਕਾਰ, ਨਾਗਰਿਕ ਅਤੇ ਸੰਸਥਾਵਾਂ ਆਨਲਾਈਨ ਸਹੂਲਤਾਂ ਅਤੇ ਸੇਵਾਵਾਂ ਵਿਚ ਹਿੱਸਾ ਲੈਂਦੀਆਂ ਹਨ। ਇਹ ਸਾਰੇ ਵੱਖ–ਵੱਖ ਢੰਗਾਂ ਦੁਆਰਾ ਇੰਟਰਨੈੱਟ ਦੀ ਵਰਤੋਂ ਕਰਦੇ ਹੋਏ ਆਪਣੀਆਂ ਕਿਰਿਆਵਾਂ ਕਰਦੇ ਹਨ। ਈ–ਗਵਰਨੈਂਸ ਦੀ ਕਾਰਜ–ਪ੍ਰਣਾਲੀ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆਂ ਜਾਂ ਸਕਦਾ ਹੈ।

(i) ਸਰਕਾਰ ਤੋਂ ਸਰਕਾਰ (Government to Government)

ਈ–ਗਵਰਨੈਂਸ ਦੀ ਇਸ ਕਿਸਮ ਵਿੱਚ ਉਹਨਾਂ ਆਨਲਾਈਨ ਸੇਵਾਵਾਂ ਨੂੰ ਰੱਖਿਆ ਜਾਂਦਾ ਹੈ ਜਿਸ ਵਿਚ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਆਪਸ ਵਿੱਚ ਡਾਟਾ ਅਤੇ ਸੂਚਨਾ ਦੀ ਸਾਂਝ ਕਰਦੀਆਂ ਹਨ।

(ii) ਸਰਕਾਰ ਤੋਂ ਨਾਗਰਿਕ (Government to Citizen)

ਈ–ਗਵਰਨੈਂਸ ਦੀ ਇਸ ਕਿਸਮ ਵਿੱਚ ਸਰਕਾਰ ਆਪਣੇ ਨਾਗਰਿਕਾਂ ਨੂੰ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਦੀ ਹੈ, ਸਰਕਾਰ ਅਤੇ ਨਾਗਰਿਕ ਇੱਕ ਦੂਜੇ ਨਾਲ ਸੰਚਾਰ ਕਰਦੇ ਹਨ। ਇਸ ਵਿਚ ਸਰਕਾਰ ਉਹ ਸੇਵਾਵਾਂ ਪ੍ਰਦਾਨ ਕਰਦੀ ਹੈ ਜੋ ਸਿੱਧੇ ਤੌਰ ਤੇ ਜਨਤਾ ਨਾਲ ਸਬੰਧਤ ਹਨ ਜਿਵੇਂ ਅਧਾਰ ਕਾਰਡ, ਪੈਨ ਕਾਰਡ ਲਈ ਆਨਲਾਈਨ ਅਪਲਾਈ ਕਰਨਾ, ਉਪਯੋਗਤਾ ਬਿੱਲਾਂ ਅਤੇ ਆਮਦਨੀ ਟੈਕਸ ਦੇ ਆਨਲਾਈਨ ਭੁਗਤਾਨ ਆਦਿ।

(iii) ਸਰਕਾਰ ਤੋਂ ਵਪਾਰ (Government to Business)

ਇਸ ਕਿਸਮ ਵਿੱਚ ਉਹ ਸੇਵਾਵਾਂ, ਜੋ ਸਰਕਾਰ ਦੁਆਰਾ ਕਾਰੋਬਾਰ ਨੂੰ ਦਿੱਤੀਆਂ ਜਾਂਦੀਆ ਹੁਨ, ਸਾਮਿਲ ਹਨ। ਇਨ੍ਹਾਂ ਸੇਵਾਵਾਂ ਰਾਹੀਂ ਸਰਕਾਰ ਅਤੇ ਵਪਾਰਿਕ ਸੰਗਠਨ ਇਕ–ਦੂਜੇ ਨਾਲ ਸੰਚਾਰ ਕਰਦੇ ਹਨ। ਉਦਾਰਨ ਦੇ ਤੌਰ ਤੇ ਜਿਵੇ ਆਨਲਾਈਨ ਵਿਕਰੀ ਅਤੇ ਚੀਜ਼ਾਂ ਦੀ ਖਰੀਦ, ਚੀਜਾਂ ਤੇ ਟੈਕਸ ਜਾਂ ਸਰਕਾਰ ਦੁਆਰਾ ਦਿੱਤੀਆਂ ਜਾਣ ਵਾਲੀ ਸੱਬਸਿਡੀਆਂ ਆਦਿ।

(iv) ਸਰਕਾਰ ਤੋਂ ਕਰਮਚਾਰੀ (Government to Employee)

ਈ–ਗਵਰਨੈਂਸ ਦੀ ਇਸ ਕਿਸਮ ਵਿੱਚ ਸਰਕਾਰ ਅਤੇ ਇਸ ਦੇ ਕਰਮਚਾਰੀਆਂ ਵਿਚਕਾਰ ਦੀਆਂ ਸੇਵਾਵਾਂ ਅਤੇ ਸਹੂਲਤਾਂ ਹਨ। ਸਰਕਾਰ ਆਪਣੇ ਕਰਮਚਾਰੀਆਂ ਨੂੰ ਕੰਮ ਕਰਨ ਦੀਆਂ ਬਿਹਤਰ ਸਥਿਤੀਆਂ ਲਈ ਬਹੁਤ ਸਾਰੀਆਂ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਦੀ ਹੈ। ਇਸ ਕਿਸਮ ਵਿਚ ਸਰਕਾਰੀ ਕਰਮਚਾਰੀਆਂ ਨਾਲ ਸਬੰਧਤ ਰਿਕਾਰਡ ਆਨਲਾਈਨ ਰੱਖੇ ਜਾਂਦੇ ਹਨ। ਜਿਵੇਂ ਤਨਖਾਹ ਬਿੱਲ, ਸਰਵਿਸ ਰਿਕਾਰਡ, ਵਿਭਾਗੀ ਤਬਾਦਲੇ ਅਤੇ ਕਰਮਚਾਰੀਆਂ ਨਾਲ ਸਬੰਧਤ ਹੋਰ ਬਹੁਤ ਸਾਰੇ ਰਿਕਾਰਡ। ਉਦਾਹਰਣ ਲਈ: ਜ.ਢਝਛ, ਕ.ਢਝਛ।

(v) ਸਰਕਾਰ ਤੋਂ ਗੈਰ–ਸਰਕਾਰੀ ਸੰਗਠਨ (Government to NGOs)

ਹੁਣ ਈ–ਗਵਰਨੈਂਸ ਨੇ ਇਕ ਨਵੀਂ ਸ਼ਾਖ਼ਾ ਸ਼ਾਮਲ ਕੀਤੀ ਹੈ ਜਿਸ ਵਿਚ ਸਰਕਾਰੀ ਅਤੇ ਗ਼ੈਰ–ਸਰਕਾਰੀ ਸੰਗਠਨ ਇੱਕ–ਦੂਜੇ ਨਾਲ ਗੱਲਬਾਤ ਕਰ ਸਕਦੇ ਹਨ। ਇਨ੍ਹਾਂ ਗ਼ੈਰ–ਸਰਕਾਰੀ ਸੰਗਠਨ ਵਿੱਚ ਸੁਸਾਇਟੀਆਂ ਦੀ ਰਜਿਸਟ੍ਰੇਸ਼ਨ ਦਾ ਕੰਮ ਇਸ ਭਾਗ ਅਧੀਨ ਆਉਂਦਾ ਹੈ। ਉਦਾਹਰਣ ਵਜੋਂ: ਸਰਕਾਰ ਅਤੇ ਰਾਜਨੀਤਿਕ ਪਾਰਟੀਆਂ ਜਾਂ NGOs ਵਿਚਕਾਰ ਸੰਚਾਰ।

### ਪ੍ਰਸ਼ਨ 2: ਈ-ਗਵਰਨੈਂਸ ਦੇ ਲਾਭ ਅਤੇ ਹਾਨੀਆਂ ਕੀ ਹਨ?

ਉੱਤਰ:2) ਈ-ਗਵਰਨੈਂਸ ਸੂਚਨਾ ਅਤੇ ਸੰਚਾਰ ਟੈਕਨੋਲੋਜੀ ਦੀ ਇੱਕ ਅਜਿਹੀ ਐਪਲੀਕੇਸ਼ਨ ਹੈ। ਜਿਸ ਵਿੱਚ ਇੰਟਰਨੈਟ ਅਤੇ ਹੋਰ ਇਲੈਕਟ੍ਰੋਨਿਕ ਮੀਡੀਆ ਦੀ ਵਰਤੋਂ ਕਰਕੇ ਸਰਕਾਰੀ ਨੀਤੀਆਂ, ਕੰਮਾਂ ਅਤੇ ਸੇਵਾਵਾਂ ਨੂੰ ਪਾਰਦਰਸ਼ੀ, ਗਤੀਸ਼ੀਲ, ਘੱਟ ਖਰਚੀਲੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਵਾਇਆ ਜਾਂਦਾ ਹੈ। ਇਸਦੇ ਲਾਭ ਅਤੇ ਹਾਨੀਆਂ ਹੇਠਾਂ ਲਿਖੇ ਅਨੁਸਾਰ ਹਨ:

<u>ਈ-ਗਵਰਨੈਂਸ ਦੇ ਲਾਭ</u>

1) ਆਸਾਨ ਪਹੁੰਚ: ਈ-ਗਵਰਨੈਂਸ ਆਨਲਾਈਨ ਸੇਵਾਵਾਂ ਪ੍ਰਦਾਨ ਕਰਦੀ ਹੈ ਤਾਂ ਜੋ ਨਾਗਰਿਕ ਇਨ੍ਹਾਂ ਸੇਵਾਵਾਂ ਨੂੰ ਆਸਾਨੀ ਨਾਲ ਪ੍ਰਾਪਤ ਕਰ ਸਕਣ। ਨਾਗਰਿਕ ਇਹ ਸੇਵਾਵਾਂ ਘਰ ਜਾਂ ਨੇੜਲੇ ਸੇਵਾ ਕੇਂਦਰਾਂ ਜਾਂ ਸੁਵਿਧਾ ਸੈਂਟਰਾਂ ਤੋਂ ਪ੍ਰਾਪਤ ਕਰ ਸਕਦੇ ਹਨ।
2) ਨਜਦੀਕੀ ਸੰਬੰਧਾਂ ਦੀ ਸਥਾਪਨਾ: ਈ-ਗਵਰਨੈਂਸ ਰਾਹੀਂ ਸਰਕਾਰ ਆਪਣੀਆਂ ਸੇਵਾਵਾਂ ਅਤੇ ਸੁਵਿਧਾਵਾਂ ਨੂੰ ਆਮ ਲੋਕਾਂ ਤੱਕ ਆਸਨੀ ਨਾਲ ਪਹੁੰਚਾ ਸਕਦੀ ਹੈ। ਸਰਕਾਰੀ ਸੇਵਾਵਾਂ ਅਤੇ ਸੁਵਿਧਾਵਾਂ ਦੀ ਆਮ ਨਾਗਰਿਕ ਤੱਕ ਆਸਾਨੀ ਨਾਲ ਪਹੁੰਚ ਕਾਰਨ ਸਰਕਾਰ ਅਤੇ ਨਾਗਰਿਕਾਂ ਵਿੱਚ ਨਜਦੀਕੀ ਸੰਬੰਧ ਸਥਾਪਿਤ ਹੁੰਦੇ ਹਨ ।
3) ਸਮੇਂ ਅਤੇ ਧੰਨ ਦੀ ਬਚਤ: ਈ-ਗਵਰਨੈਂਸ ਦਸਤਾਵੇਜਾਂ ਅਤੇ ਜਨ-ਸ਼ਕਤੀ (Man-Power) ਦੀ ਲਾਗਤ ਨੂੰ ਘਟਾਉਂਦੀ ਹੈ। ਖਪਤਕਾਰਾਂ ਨੂੰ ਸਰਕਾਰੀ ਸੇਵਾਵਾਂ ਨੇੜਲੇ ਕੇਂਦਰਾਂ ਤੇ ਮਿਲਣ ਕਾਰਨ ਸਮੇਂ ਅਤੇ ਧੰਨ ਦੀ ਬਚਤ ਹੁੰਦੀ ਹੈ।

4) ਪਾਰਦਰਸ਼ਤਾ : ਈ-ਗਵਰਨੈਂਸ ਨਾਲ ਸਰਕਾਰੀ ਕਾਰਜ ਪ੍ਰਣਾਲੀ ਵਿੱਚ ਪਾਰਦਰਸ਼ਤਾ ਆਈ ਹੈ ਅਤੇ ਰਿਸ਼ਵਤਖੋਰੀ ਘੱਟ ਹੈ। ਇਸ ਨਾਲ ਲੋਕ ਆਪਣੀਆਂ ਅਰਜ਼ੀਆਂ ਦੀ ਸਥਿਤੀ ਨੂੰ ਆਨਲਾਈਨ ਦੇਖ ਸਕਦੇ ਹਨ।

5) ਜਵਾਬਦੇਹੀ: ਈ-ਗਵਰਨੈਂਸ ਵਿੱਚ ਕਈ ਤਰ੍ਹਾਂ ਦੇ ਕੰਮਾਂ ਨੂੰ ਮੁਕੰਮਲ ਕਰਨ ਜਾਂ ਕਾਰਵਾਈ ਕਰਨ ਦੀ ਸਮਾਂ ਸੀਮਾ ਨਿਰਧਾਰਿਤ ਕੀਤੀ ਗਈ ਹੈ ਕਿ ਕਿਹੜਾ ਕੰਮ ਕਿੰਨੇ ਸਮੇਂ ਵਿਚ ਕਰਨਾ ਜ਼ਰੂਰੀ ਹੈ। ਕਿਸੇ ਕੰਮ ਵਿੱਚ ਦੇਰੀ ਦੀ ਸੂਰਤ ਵਿੱਚ ਸੰਬੰਧਿਤ ਕਰਮਚਾਰੀ ਜਾਂ ਅਧਿਕਾਰੀ ਜਵਾਬਦੇਹ ਹੁੰਦਾ ਹੈ।

<u>ਈ-ਗਵਰਨੈਂਸ ਦੀਆਂ ਹਾਨੀਆਂ:</u>

1) ਇੰਟਰਨੈੱਟ ਦੀ ਸੁਵਿਧਾ ਲਾਜਮੀ ਹੋਣਾ: ਈ-ਗਵਰਨੈਂਸ ਨੂੰ ਲਾਗੂ ਕਰਨ ਲਈ ਇੰਟਰਨੈੱਟ ਦੀ ਸੇਵਾ ਉਪਲੱਬਧ ਹੋਣਾ ਲਾਜਮੀ ਹੈ। ਇਸ ਤੋਂ ਬਿਨਾਂ ਈ-ਗਵਰਨੈਂਸ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ।

2) ਇੰਟਰਨੈੱਟ ਉੱਪਰ ਡਾਟਾ ਸੁਰੱਖਿਆ ਦਾ ਖਤਰਾ: ਈ-ਗਵਰਨੈਂਸ ਇੱਕ ਆਨਲਾਈਨ ਸਿਸਟਮ ਹੈ। ਜਿਸ ਵਿੱਚ ਸਾਰੀ ਸੂਚਨਾ ਨੂੰ ਗੁਪਤ ਅਤੇ ਸੁਰੱਖਿਅਤ ਰੱਖਣ ਲਈ ਕਈ ਢੰਗ ਅਪਣਾਏ ਜਾਂਦੇ ਹਨ, ਪ੍ਰੰਤੂ ਇੰਟਰਨੈੱਟ ਉੱਪਰ ਸੂਚਨਾ ਦੀ ਚੋਰੀ ਦਾ ਖਤਰਾ ਬਣਿਆ ਰਹਿੰਦਾ ਹੈ।

3) ਈ-ਗਵਰਨੈਂਸ ਪ੍ਰਬੰਧਾਂ ਦੀ ਜਿਆਦਾ ਲਾਗਤ: ਈ-ਗਵਰਨੈਂਸ ਦੀ ਸਥਾਪਨਾ ਅਤੇ ਪ੍ਰਬੰਧ ਕਰਨ ਵਿੱਚ ਬਹੁਤ ਜਿਆਦਾ ਲਾਗਤ ਆਉਂਦੀ ਹੈ। ਈ-ਸੇਵਾਵਾਂ ਪ੍ਰਦਾਨ ਕਰਨ ਲਈ ਸਰਕਾਰ ਨੂੰ ਵੱਡੀ ਰਕਮ ਖਰਚ ਕਰਨੀ ਪੈਂਦੀ ਹੈ।

4) ਈ-ਗਵਰਨੈਂਸ ਸੰਬੰਧੀ ਜਾਗਰੂਕਤਾ ਨਾ ਹੋਣਾ: ਭਾਰਤ ਵਿੱਚ ਬਹੁ-ਗਿਣਤੀ ਲੋਕ ਅਨਪੜ੍ਹ ਹਨ ਜੋ ਕਿ ਇਨ੍ਹਾਂ ਸੇਵਾਵਾਂ ਲਈ ਇੰਟਰਨੈੱਟ ਜਾਂ ਮੋਬਾਇਲ ਦੀ ਸਹੀ ਵਰਤੋਂ ਨਹੀਂ ਕਰ ਸਕਦੇ। ਲੋਕਾਂ ਵਿੱਚ ਅਨਪੜ੍ਹਤਾ ਅਤੇ ਈ-ਗਵਰਨੈਂਸ ਸੰਬੰਧੀ ਅਗਿਆਨਤਾ ਹੋਣ ਕਾਰਨ ਬਹੁ–ਗਿਣਤੀ ਲੋਕ ਇਹਨਾਂ ਸੇਵਾਵਾਂ ਦਾ ਲਾਭ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਪ੍ਰਸ਼ਨ–3) ਆਧਾਰ ਕੀ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।

ਉਤਰ–3) ਆਧਾਰ ਕਾਡਰ ਇਕ ਬਹੁਤ ਹੀ ਜ਼ਰੂਰੀ ਅਤੇ ਲਾਭਕਾਰੀ ਦਸਤਾਵੇਜ ਹੈ ਜੋ ਭਾਰਤੀ ਨਾਗਰਿਕਾਂ ਨੂੰ ਇੱਕ ਵਿਲੱਖਣ ਪਹਿਚਾਣ ਦਿੰਦਾ ਹੈ। ਆਧਾਰ 12 (**** **** **** ****) ਨੰਬਰਾਂ ਦਾ ਇਕ ਵਿਲੱਖਣ ਪਹਿਚਾਣ ਕਾਰਡ ਨੰਬਰ ਹੈ ਜੋ ਕਿ ਯੂਨੀਕ ਆਈਡੈਂਟੀਫਕਿਸ਼ਨ ਅਥਾਰਟੀ ਆਫ ਇੰਡੀਆ(UIDAI) ਦੁਆਰਾ ਭਾਰਤੀ ਨਾਗਰਿਕਾਂ ਨੂੰ ਜਾਰੀ ਕੀਤਾ ਜਾਂਦਾ ਹੈ।

ਇਹ ਨੰਬਰ ਭਾਰਤ ਦੇ ਨਾਗਰਿਕਾਂ ਨੂੰ ਉਨ੍ਹਾਂ ਦੇ ਮਹੱਤਵਪੂਰਨ ਦਸਤਾਵੇਜ਼ਾਂ ਦੀ ਤਸਦੀਕ ਕਰਨ ਤੋਂ ਬਾਅਦ ਜਾਰੀ ਕੀਤਾ ਜਾਂਦਾ ਹੈ। ਇਹ ਵਿਲੱਖਣ ID ਨੰਬਰ ਪ੍ਰਾਪਤ ਕਰਨ ਤੋਂ ਬਾਅਦ ਇੱਕ ਭਾਰਤੀ ਨਾਗਰਿਕ ਨੂੰ ਇੱਕ ਵਿਲੱਖਣ ਪਛਾਣ ਮਿਲਦੀ ਹੈ। ਭਾਰਤ ਵਿਚ ਕਿਸੇ ਵੀ ਦੋ ਵਿਅਕਤੀਆਂ ਦਾ ਇਕੋ ਜਿਹਾ ਆਧਾਰ ਨੰਬਰ ਨਹੀਂ ਹੋ ਸਕਦਾ। ਇਸ ਨੂੰ ਇੱਕ ਮਹੱਤਵਪੂਰਨ ਦਸਤਾਵੇਜ ਵਜੋਂ ਮਾਨਤਾ ਮਿਲ ਚੁਕੀ ਹੈ ਅਤੇ ਇਸ ਦੀ ਵਰਤੋਂ ਕਾਫੀ ਥਾਵਾਂ ਤੇ ਜ਼ਰੂਰੀ ਤੌਰ ਤੇ ਕੀਤੀ ਜਾਣ ਲੱਗੀ ਹ। ਇਸ ਦੀਆ ਵਿਸ਼ੇਸ਼ਤਾਵਾਂ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਹੈ।

ਆਧਾਰ ਦੀਆਂ ਵਿਸ਼ੇਸ਼ਤਾਵਾਂ:

1) ਵਿਲੱਖਣ ਪਹਿਚਾਣ (Unique Identification): ਆਧਾਰ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਹਰ ਭਾਰਤੀ ਨਾਗਰਿਕ ਨੂੰ ਇਕ ਵਿਲੱਖਣ ਪਹਿਚਾਨ ਪ੍ਰਦਾਨ ਕਰਦਾ ਹੈ। ਇੱਕ ਨਾਗਰਿਕ ਨੂੰ ਕੇਵਲ ਇਕ ਆਧਾਰ ਨੰਬਰ ਹੀ ਜਾਰੀ ਹੁੰਦਾ ਹੈ।
2) ਰਿਹਾਇਸ਼ੀ ਦਸਤਾਵੇਜ਼ (Residency Document): ਆਧਾਰ ਦੀ ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਇਸ ਉੱਪਰ ਸੰਬੰਧਤ ਵਿਅਕਤੀ ਦਾ ਪੂਰਾ ਰਿਹਾਇਸ਼ੀ ਪਤਾ ਦਰਜ਼ ਹੁੰਦਾ ਹੈ।
3) ਖਤਮ ਹੋਣ ਦੀ ਕੋਈ ਮਿਆਦ ਨਹੀਂ (No Expiry): ਆਧਾਰ ਕਾਰਡ ਦੇ ਖਤਮ ਹੋਣ ਦੀ ਕੋਈ ਵੀ ਆਖਰੀ ਮਿਤੀ ਨਹੀਂ ਹੁੰਦੀ ਬਲਕਿ ਇਹ ਉਮਰ ਭਰ ਲਈ ਜਾਰੀ ਹੁੰਦਾ ਹੈ।
4) ਸ਼ਨਾਖਤੀ ਸਬੂਤ (Proof of Identity): ਆਧਾਰ ਕਾਰਡ ਨੂੰ ਸ਼ਨਾਖਤੀ ਸਬੂਤ ਵਜੋਂ ਵੀ ਵਰਤਿਆ ਜਾਂਦਾ ਹੈ ਕਿਉਂਕਿ ਆਧਾਰ ਕਾਰਡ ਵਿੱਚ ਵਿਅਕਤੀਗਤ ਅਤੇ ਬਾਇਉਮੈਟ੍ਰਿਕ ਆਦਿ ਸੂਚਨਾ ਹੁੰਦੀ ਹੈ।
5) ਆਨਲਾਇਨ ਪ੍ਰਮਾਣੀਕਰਨ (Online Authentication): ਇਹ ਭਾਰਤੀ ਨਾਗਰਿਕਾਂ ਲਈ ਆਨਲਾਈਨ ਪ੍ਰਮਾਣੀਕਰਨ ਲਈ ਵੀ ਵਰਤਿਆ ਜਾਂਦਾ ਹੈ। ਅਜੋਕੇ ਸਮੇਂ ਕਈ ਤਰ੍ਹਾਂ ਦੀਆ ਆਨਲਾਈਨ ਸਹੂਲਤਾਂ ਜਿਵੇਂ ਕਿ ਆਨਲਾਈਨ ਬੈਂਕਿੰਗ ਅਤੇ ਗੈਸ ਸਬਸਿਡੀ ਆਦਿ ਲਈ ਆਧਾਰ ਕਾਰਡ ਨੰਬਰ ਦੁਆਰਾ ਹੀ ਪ੍ਰਮਾਣੀਕਰਨ ਕੀਤਾ ਜਾਂਦਾ ਹੈ।




ਪ੍ਰਸ਼ਨ–4) ਸੇਵਾ/ਸੁਵਿਧਾ ਕੇਂਦਰ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਸੂਚੀ ਬਣਾਓ।

ਉਤਰ–4) ਸਰਕਾਰ ਦੁਆਰਾ ਈ–ਗਵਰਨੈਂਸ ਰਾਹੀ ਈ–ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਨ ਲਈ ਵੱਖ–ਵੱਖ ਪੱਧਰਾਂ ਉੱਤੇ ਬਹੁਤ ਸਾਰੇ ਸਹਾਇਤਾ ਕੇਂਦਰ ਖੋਲੇ ਗਏ ਹਨ। ਇਹਨਾਂ ਸਹਾਇਤਾ ਕੇਂਦਰਾਂ ਨੂੰ ਸੇਵਾ/ਸੁਵਿਧਾ ਕੇਂਦਰ ਕਿਹਾ ਜਾਂਦਾ ਹੈ। ਇਹ ਕੇਂਦਰ ਨਾਗਰਿਕਾਂ ਨੂੰ ਈ–ਸੇਵਾਵਾਂ ਪ੍ਰਦਾਨ ਕਰਦੇ ਹਨ। ਪੰਜਾਬ ਵਿੱਚ ਜ਼ਿਲਾ/ਤਹਿਸੀਲ/ਸ਼ਹਿਰ/ਪਿੰਡ ਪੱਧਰ ਤੇ ਇਹ ਸੇਵਾ/ਸੁਵਿਧਾ ਕੇਂਦਰ ਸਥਾਪਤ ਕੀਤੇ ਗਏ ਹਨ। ਸੇਵਾ/ਸੁਵਿਧਾ ਕੇਂਦਰ ਦੁਆਰਾ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਹੇਠ ਲਿੱਖੇ ਅਨੁਸਾਰ ਹਨ।

(i) ਇਹ ਕੇਂਦਰ ਰਿਹਾਇਸੀ ਸਰਟੀਫਿਕੇਟ ਜਾਰੀ ਕਰਨ ਦੀ ਸੇਵਾ ਪ੍ਰਦਾਨ ਕਰਦੇ ਹਨ।
(ii) ਬੁਢਾਪਾ/ਵਿਧਵਾ ਪੈਨਸ਼ਨਾਂ ਦੇ ਫਾਰਮ ਭਰਨ ਦੀ ਸੁਵਿਧਾ।
(iii) ਇਹ ਕੇਂਦਰ ਜਨਮ–ਮੌਤ ਸਰਟੀਫਿਕੇਟ ਬਣਵਾਉਣ ਦੀ ਸੁਵਿਧਾ ਪ੍ਰਦਾਨ ਕਰਦੇ ਹਨ।
(iv) ਇਹ ਕੇਂਦਰ ਜਾਤੀ ਤੇ ਧਰਮ ਸਬੰਧੀ ਸਰਟੀਫਿਕੇਟ ਬਣਵਾਉਣ ਦੀ ਸੁਵਿਧਾ ਪ੍ਰਦਾਨ ਕਰਦੇ ਹਨ।
(v) ਪਾਸਪੋਰਟ ਬਣਵਾਉਣ ਲਈ ਬਿਨੈ-ਪੱਤਰ ਇਹਨਾਂ ਕੇਂਦਰਾਂ ਵਿੱਚ ਜਮਾਂ ਕਰਵਾਏ ਜਾ ਸਕਦੇ ਹਨ।
(vi) ਹਥਿਆਰਾਂ ਦੇ ਲਾਈਸੈਂਸ ਬਣਵਾਉਣ ਲਈ ਬਿਨੈ-ਪੱਤਰ ਵੀ ਇਹਨਾਂ ਕੇਂਦਰਾਂ ਵਿੱਚ ਜਮਾਂ ਕਰਵਾਏ ਜਾ ਸਕਦੇ ਹਨ।
(vii) ਲਾਈਸੈਂਸ ਰਿਨਿਊ (Renew) ਕਰਵਾਉਣ ਲਈ ਵੀ ਬਿਨੈ-ਪੱਤਰ ਵੀ ਇਹਨਾਂ ਕੇਂਦਰਾਂ ਵਿੱਚ ਜਮਾਂ ਕਰਵਾਏ ਜਾ ਸਕਦੇ ਹਨ।

(viii) ਵਾਹਣਾਂ ਦੀ ਰਜਿਸਟ੍ਰੇਸ਼ਨ ਸੰਬੰਧੀ ਬਿਨੈ-ਪੱਤਰ ਵੀ ਇਹਨਾਂ ਕੇਂਦਰਾਂ ਵਿੱਚ ਜਮਾਂ ਕਰਵਾਏ ਜਾ ਸਕਦੇ ਹਨ।

(ix) ਵਿਆਹਾਂ ਦੇ ਪੰਜੀਕਰਨ ਲਈ ਬਿਨੈ–ਪੱਤਰ ਵੀ ਇਹਨਾਂ ਕੇਂਦਰਾਂ ਵਿੱਚ ਜਮਾਂ ਕਰਵਾਏ ਜਾ ਸਕਦੇ ਹਨ।

(x) ਆਨਲਾਈਨ ਬਿਜਲੀ, ਟੈਲੀਫੋਨ ਦੇ ਬਿੱਲ ਅਤੇ ਹੋਰ ਕਈ ਤਰ੍ਹਾਂ ਦੀਆਂ ਫੀਸਾਂ/ ਬਿਲ ਵੀ ਇਹਨਾਂ ਕੇਂਦਰਾਂ ਵਿੱਚ ਜਮਾਂ ਕਰਵਾਏ ਜਾ ਸਕਦੇ ਹਨ।


(xi) ਹਲਫਿਆ ਬਿਆਨ ਤਸਦੀਕ ਕਰਨ ਦੀ ਬਣਵਾਉਣ ਦੀ ਸੁਵਿਧਾ ਵੀ ਇਨ੍ਹਾਂ ਕੇਂਦਰਾਂ ਵਿੱਚ ਮੌਜੂਦ ਹੁੰਦੀ ਹੈ।

(xii)ਸੁਵਿਧਾ ਕੇਂਦਰ ਵਿੱਚੋਂ ਸਟਾਮ ਪੇਪਰ ਖਰੀਦੇ ਜਾ ਸਕਦੇ ਹਨ।

ਪ੍ਰਸ਼ਨ–5) ਇਨਫਰਮੇਸ਼ਨ ਸਿਸਟਮ ਕੀ ਹੁੰਦੇ ਹਨ? ਇਹਨਾਂ ਦੀ ਕਿਸਮਾਂ ਦੀ ਵਿਆਖਿਆ ਕਰੋ।

ਉਤਰ–5) ਸੂਚਨਾ ਪ੍ਰਣਾਲੀ ਜਾਂ ਇਨਫਰਮੇਸ਼ਨ ਸਿਸਟਮ (IS) ਇਕ ਅਜਿਹਾ ਸਿਸਟਮ ਹੈ ਜਿਸ ਨੂੰ ਲੋਕਾਂ, ਸੰਗਠਨਾਂ ਅਤੇ ਕੰਪਨੀਆਂ ਦੁਆਰਾ ਡਾਟਾ ਇਕੱਤਰ ਕਰਨ, ਡਾਟਾ ਨੂੰ ਫਿਲਟਰ ਕਰਨ, ਡਾਟਾ ਉੱਪਰ ਕੰਮ ਕਰਕੇ ਜਾਣਕਾਰੀ ਬਣਾਉਣ ਅਤੇ ਇਸ ਨੂੰ ਸਾਂਝਾ ਕਰਨ ਲਈ ਵਰਤਿਆ ਜਾਂਦਾ ਹੈ। ਸੂਚਨਾ ਪ੍ਰਣਾਲੀ ਇਕ ਸਾਫਟਵੇਅਰ/ਪ੍ਰੋਗਰਾਮ ਹੈ ਜਿਸ ਦੀ ਵਰਤੋਂ ਡਾਟੇ ਅਤੇ ਸੂਚਨਾ ਬਣਾਓਣ, ਸੂਚਨਾ ਦਾ ਸੰਚਾਰ ਕਰਨ, ਸੂਚਨਾ ਸਟੋਰ ਕਰਨ ਅਤੇ ਸੂਚਨਾ ਦੀ ਸ਼ੇਅਰਰਿੰਗ ਕਰਨ ਲਈ ਕੀਤੀ ਜਾਂਦੀ ਹੈ।

ਆਈ.ਸੀ.ਟੀ ਤਕਨੀਕਾਂ (ਕੰਪਿਊਟਰ ਅਤੇ ਇੰਟਰਨੈਟ) ਦਾ ਸਮੂਹ ਜੋ ਕੱਚਾ ਡਾਟਾ ਇੱਕਠਾ ਕਰਨ, ਕੱਚੇ ਡਾਟਾ ਤੋਂ ਜਾਣਕਾਰੀ ਪੈਦਾ ਕਰਨ ਅਤੇ ਇਸ ਜਾਣਕਾਰੀ ਦੇ ਆਧਾਰ ਤੇ ਫੈਸਲਾ ਲੈਣ ਲਈ ਵਰਤਿਆ ਜਾਂਦਾ ਹੈ, ਨੂੰ ਜਾਣਕਾਰੀ ਪ੍ਰਣਾਲੀ ਵਜੋਂ ਜਾਣਿਆ ਜਾਂਦਾ ਹੈ। ਕੰਪਿਊਟਰ ਅਧਾਰਿਤ ਸੂਚਨਾ ਪ੍ਰਣਾਲੀ/ ਸਿਸਟਮ ਦੇ ਭਾਗ (components) ਹੇਠਾਂ ਚਿੱਤਰ ਵਿਚ ਦਰਸਾਏ ਅਨੁਸਾਰ ਹੁੰਦੇ ਹਨ:




ਸੂਚਨਾਂ ਪ੍ਰਣਾਲੀ ਦੀਆਂ ਕਿਸਮਾਂ (Types of Information System):

ਸੂਚਨਾਂ ਪ੍ਰਣਾਲੀ ਦੀਆਂ ਕਿਸਮਾਂ

- ਲੈਣ–ਦੇਣ ਪ੍ਰਕਿਰਿਆ ਪ੍ਰਣਾਲੀ
- ਫੈਸਲਾ ਸਮੱਰਥਕ ਸੂਚਨਾ ਪ੍ਰਣਾਲੀ
- ਕਾਰਜਕਾਰੀ ਸੂਚਨਾ ਪ੍ਰਣਾਲੀ
- ਪ੍ਰਬੰਧਕੀ ਸੂਚਨਾ ਪ੍ਰਣਾਲੀ
- ਨਿਪੁੰਨ ਪ੍ਰਣਾਲੀ

ਇਨਫਰਮੇਸ਼ਨ ਸਿਸਟਮਾਂ ਜਾਂ ਸੂਚਨਾ ਪ੍ਰਣਾਲੀ ਦੀਆਂ ਕਿਸਮਾਂ ਇਸ ਪ੍ਰਕਾਰ ਹਨ:

1. ਲੈਣ–ਦੇਣ ਪ੍ਰਕਿਰਿਆ ਪ੍ਰਣਾਲੀ (Transaction Processing System-TPS): ਇਸ ਕਿਸਮ ਦੀ ਸੂਚਨਾਂ ਪ੍ਰਣਾਲੀ ਦੀ ਵਰਤੋਂ ਵਪਾਰਿਕ ਸੰਗਠਨਾਂ ਦੁਆਰਾ ਖਰੀਦ–ਵੇਚ, ਪੇ–ਰੋਲ ਅਤੇ ਹੋਰ ਕਿਸੇ ਕਿਸਮ ਦੇ ਲੈਣ–ਦੇਣ ਦੀਆਂ ਐਂਟਰੀਆਂ ਦਾ ਰਿਕਾਰਡ ਰੱਖਣ ਅਤੇ ਵਪਾਰਿਕ ਰਿਪੋਰਟਾਂ ਤਿਆਰ ਕਰਨ ਲਈ ਕੀਤੀ ਜਾਂਦੀ ਹੈ।
2. ਫੈਸਲਾ ਸਮੱਰਥਕ ਸੂਚਨਾ ਪ੍ਰਣਾਲੀ (Decision Support System-DSS): ਇਸ ਕਿਸਮ ਦੀ ਸੂਚਨਾਂ ਦੀ ਵਰਤੋਂ ਕਿਸੇ ਵੀ ਸੰਗਠਨ ਦੀ ਮੈਨੇਜਮੈਂਟ–ਦੁਆਰਾ ਇਕਤਰ ਕੀਤੇ ਗਏ ਡਾਟਾ ਦੀ ਵਰਤੋਂ ਨਾਲ ਸੰਗਠਨ ਸੰਬੰਧੀ ਫੈਸਲੇ ਕਰਨ ਲਈ ਕੀਤੀ ਜਾਂਦੀ ਹੈ।
3. ਕਾਰਜਕਾਰੀ ਸੂਚਨਾ ਪ੍ਰਣਾਲੀ (Executive Information System-EIS): ਇਹ ਇਨਫੋਰਮੇਸ਼ਨ ਸਿਸਟਮ ਸੰਗਠਨਾਂ ਦੇ ਮੁੱਖੀਆਂ ਦੁਆਰਾ ਸੰਗਠਨਾਂ ਦੀ ਕਾਰਜਸ਼ੀਲ ਪ੍ਰਣਾਲੀ ਨੂੰ ਕੁਸ਼ਲ ਢੰਗ ਨਾਲ ਨਿਯੰਤਰਿਤ ਕਰਨ ਲਈ ਵਰਤਿਆਂ ਜਾਂਦੀਆਂ ਹਨ।
4. ਪ੍ਰਬੰਧਕੀ ਸੂਚਨਾ ਪ੍ਰਣਾਲੀ (Management Information System-MIS): ਇਸ ਕਿਸਮ ਦੀ ਸੂਚਨਾਂ ਪ੍ਰਣਾਲੀ ਕਿਸੇ ਵੀ ਸੰਗਠਨ ਦੇ ਪ੍ਰਬੰਧਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।ਇਹ ਸਿਸਟਮ ਸੰਗਠਨ ਨਾਲ ਜੁੜੇ ਸਾਰੇ ਰਿਕਾਰਡ ਸਟੋਰ ਕਰਦੇ ਹਨ।
5. ਨਿਪੁੰਨ ਪ੍ਰਣਾਲੀ (Expert System): ਇਸ ਕਿਸਮ ਦੀ ਪ੍ਰਣਾਲੀਆਂ ਦੀ ਵਰਤੋਂ ਜਟਿਲ ਸਮੱਸਿਆਵਾਂ ਦੇ ਹੱਲ ਕਰਨ ਲਈ ਕੀਤੀ ਜਾਂਦੀ ਹੈ ਜੋ ਜ਼ਿਆਦਾਤਰ ਵਿਗਿਆਨ ਅਤੇ ਇੰਟੈਲੀਜੈਂਸ ਵਿਭਾਗਾਂ ਵਿਚ ਵਰਤੀ ਜਾਂਦੀ ਹੈ । ਇਹ ਪ੍ਰਣਾਲੀਆਂ ਸਾਨੂੰ ਗੰਭੀਰ ਮੁੱਦੇ ‘ਤੇ ਇਕੱਠੇ ਕੀਤੇ ਡਾਟਾ ਦੇ ਆਧਾਰ ਤੇ ਵੱਡੇ ਫੈਸਲੇ ਲੈਣ ਦੇ ਯੋਗ ਬਣਾਉਦੀਆਂ ਹਨ। ਇਸੇ ਲਈ ਇਸ ਨੂੰ Expert Decision Making System ਵੀ ਕਿਹਾ ਜਾਂਦਾ ਹੈ।